NSW ਦਾ ਸਿੱਖਿਆ ਵਿਭਾਗ

Notice of potential expulsion - unsatisfactory participation in learning for students aged 17 years and over

Using the telephone interpreter service to contact the school

# ਸੰਭਾਵੀ ਸਕੂਲੋਂ ਬਾਹਰ ਕੱਢਣ ਦਾ ਨੋਟਿਸ - 17 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਦੁਆਰਾ ਪੜ੍ਹਾਈ ਵਿੱਚ ਸੰਤੋਸ਼ਜਨਕ ਹਿੱਸਾ ਨਾ ਲੈਣਾ

## ਸਕੂਲ ਨਾਲ ਸੰਪਰਕ ਕਰਨ ਲਈ ਟੈਲੀਫ਼ੋਨ ਦੁਭਾਸ਼ੀਆ ਸੇਵਾ ਦੀ ਵਰਤੋਂ ਕਰਨਾ

ਵਿਦਿਆਰਥੀ ਦਾ ਨਾਮ
Name of student

ਸਤਿਕਾਰਯੋਗ ਮਾਪਿਓ/ਸੰਭਾਲ ਕਰਨ ਵਾਲਿਓ

ਇਸ ਨਾਲ ਨੱਥੀ ਕੀਤੀ ਚਿੱਠੀ ਵਿੱਚ ਸੰਭਵ ਤੌਰ ‘ਤੇ ਸਕੂਲੋਂ ਬਾਹਰ ਕੱਢਣ ਦੇ ਨੋਟਿਸ ਦੇ ਵੇਰਵਿਆਂ ਦੀ ਬਾਰੇ ਦੱਸਿਆ ਗਿਆ ਹੈ – ਪੜ੍ਹਾਈ ਵਿੱਚ ਸੰਤੋਸ਼ਜਨਕ ਹਿੱਸਾ ਨਾ ਲੈਣਾ ਜੋ ਮੈਂ NSW ਦੇ ਸਿੱਖਿਆ ਵਿਭਾਗ ਦੀ ਵਿਦਿਆਰਥੀ ਵਿਵਹਾਰ ਨੀਤੀ ਅਤੇ ਮੁਅੱਤਲੀ ਅਤੇ ਬਾਹਰ ਕੱਢਣ ਦੀਆਂ ਪ੍ਰਕਿਰਿਆਵਾਂ ਦੇ ਅਨੁਸਾਰ ਤੁਹਾਡੇ ਬੱਚੇ ਨੂੰ ਜਾਰੀ ਕੀਤੀ ਹੈ।

ਇਹ ਚਿੱਠੀ ਤੁਹਾਨੂੰ ਸਕੂਲੋਂ ਬਾਹਰ ਕੱਢਣ ਦਾ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਇਸ ਮਾਮਲੇ ਬਾਰੇ ਗੱਲਬਾਤ ਕਰਨ ਲਈ ਰਸਮੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੰਦੀ ਹੈ। ਜਦੋਂ ਸਕੂਲ ਤੁਹਾਡੇ ਨਾਲ ਸੰਪਰਕ ਕਰਦਾ ਹੈ ਤਾਂ ਕਿਰਪਾ ਕਰਕੇ ਸਾਨੂੰ ਦੱਸੋ ਜੇ ਤੁਹਾਨੂੰ ਮੀਟਿੰਗ ਵਿੱਚ ਦੁਭਾਸ਼ੀਏ ਦੀ ਲੋੜ ਹੈ ਅਤੇ ਅਸੀਂ ਇਸ ਦਾ ਪ੍ਰਬੰਧ ਕਰਾਂਗੇ। ਜੇ ਤੁਹਾਨੂੰ ਨਾਲ ਨੱਥੀ ਕੀਤੀ ਚਿੱਠੀ ਨੂੰ ਸਮਝਣ ਵਿੱਚ ਮੁਸ਼ਕਿਲ ਆਉਂਦੀ ਹੈ ਤਾਂ ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ ਤਾਂ ਜੋ ਅਸੀਂ ਸਮਝਾ ਸਕੀਏ।

ਤੁਹਾਨੂੰ ਸੰਭਾਵੀ ਸਕੂਲੋਂ ਬਾਹਰ ਕੱਢਣ ਦਾ ਨੋਟਿਸ ਮਿਲਣ ਦਾ ਜਵਾਬ ਦੇਣ ਲਈ ਕਿਹਾ ਜਾਂਦਾ ਹੈ – ਪੜ੍ਹਾਈ ਵਿੱਚ ਸੰਤੋਸ਼ਜਨਕ ਹਿੱਸਾ ਨਾ ਲੈਣਾ। ਇਸ ਮਕਸਦ ਲਈ ਇਕ ਵੱਖਰਾ ਫਾਰਮ ਨਾਲ ਨੱਥੀ ਕੀਤਾ ਗਿਆ ਹੈ। ਇਸ ਬਾਰੇ ਵੀ ਜਾਣਕਾਰੀ ਨਾਲ ਨੱਥੀ ਕੀਤੀ ਗਈ ਹੈ ਕਿ ਜੇ ਤੁਹਾਡੇ ਬੱਚੇ ਨੂੰ ਸਕੂਲੋਂ ਕੱਢ ਦਿੱਤਾ ਜਾਂਦਾ ਹੈ ਤਾਂ ਤੁਹਾਨੂੰ ਕੀ ਜਾਣਨ ਦੀ ਲੋੜ ਹੈ।

ਸਕੂਲ ਨਾਲ ਸੰਪਰਕ ਕਰਦੇ ਸਮੇਂ ਜੇ ਤੁਹਾਨੂੰ ਦੁਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 ਨੂੰ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਔਪਰੇਟਰ ਨੂੰ ਉਹ ਫ਼ੋਨ ਨੰਬਰ ਦੱਸੋ ਜਿਸ ਨੂੰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ, ਅਤੇ ਉਹ ਤੁਹਾਡੀ ਗੱਲਬਾਤ ਵਿੱਚ ਤੁਹਾਡੀ ਮਦਦ ਕਰਨ ਲਈ ਲਾਈਨ 'ਤੇ ਦੁਭਾਸ਼ੀਏ ਨੂੰ ਲਿਆਉਣਗੇ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ।

ਪ੍ਰਿੰਸੀਪਲ ਦਾ ਨਾਮ
Name of Principal

ਪ੍ਰਿੰਸੀਪਲ ਦਾ ਫ਼ੋਨ ਨੰਬਰ
Principal’s phone number

## ਸੰਭਾਵੀ ਸਕੂਲੋਂ ਬਾਹਰ ਕੱਢਣ ਦਾ ਨੋਟਿਸ - 17 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਦੁਆਰਾ ਪੜ੍ਹਾਈ ਵਿੱਚ ਸੰਤੋਸ਼ਜਨਕ ਹਿੱਸਾ ਨਾ ਲੈਣਾ - ਮਾਪੇ/ਸੰਭਾਲ ਕਰਨ ਵਾਲਿਆਂ ਦਾ ਜਵਾਬ

## Notice of potential expulsion -unsatisfactory participation in learning for students aged 17 years and over - Parent/carer response

**ਕਿਰਪਾ ਕਰਕੇ ਇਸ ਫਾਰਮ ਨੂੰ ਹੇਠਾਂ ਸੂਚੀਬੱਧ ਈਮੇਲ ਪਤੇ 'ਤੇ ਜਾਂ ਸਕੂਲ ਦੇ ਦਫ਼ਤਰ ਨੂੰ ਵਾਪਸ ਭੇਜੋ**

ਵਿਦਿਆਰਥੀ ਦਾ ਨਾਮ
Name of student ______________________

ਜਵਾਬ ਵਾਪਸ ਭੇਜਣ ਲਈ ਸਕੂਲ ਦਾ ਈਮੇਲ ਪਤਾ
School email address for return of response ______________________

**ਮਾਪੇ/ਸੰਭਾਲ ਕਰਨ ਵਾਲਿਆਂ ਨੂੰ ਹੇਠਾਂ ਦਿੱਤੇ ਵੇਰਵਿਆਂ ਨੂੰ ਅੰਗਰੇਜ਼ੀ ਵਿੱਚ ਪੂਰਾ ਕਰਨਾ ਚਾਹੀਦਾ ਹੈ**

☐ ਮੈਂ ਇਸ ਮਾਮਲੇ ਬਾਰੇ ਆਪਣੇ ਬੱਚੇ ਨਾਲ ਵਿਚਾਰ-ਵਟਾਂਦਰਾ ਕੀਤਾ ਹੈ ਅਤੇ ਪੜ੍ਹਾਈ ਵਿੱਚ ਸੰਤੋਸ਼ਜਨਕ ਹਿੱਸਾ ਨਾ ਲੈਣ ਕਰਕੇ ਸੰਭਵ ਤੌਰ ‘ਤੇ ਸਕੂਲੋਂ ਬਾਹਰ ਕੱਢਣ ਦੇ ਨੋਟਿਸ ਨੂੰ ਨੋਟ ਕੀਤਾ ਹੈ।
I have discussed this matter with my child and have noted the notice of potential expulsion for unsatisfactory participation.

☐ ਮੈਂ ਇਸ ਮਾਮਲੇ 'ਤੇ ਵਿਚਾਰ-ਵਟਾਂਦਰਾ ਕਰਨ ਲਈ ਜਿੰਨੀ ਜਲਦੀ ਹੋ ਸਕੇ ਸਕੂਲ ਨਾਲ ਮੁਲਾਕਾਤ ਕਰਾਂਗਾ/ਗੀ।
I will meet with the school as soon as possible to discuss this matter.

☐ ਵਾਧੂ - ਮੈਂ ਆਪਣੇ ਨਾਲ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸਹਾਇਤਾ ਕਰਨ ਵਾਲਾ ਵਿਅਕਤੀ ਲਿਆਵਾਂਗਾ/ਗੀ।
Optional - I will bring a support person to attend the meeting with me.

☐ ਵਾਧੂ - ਮੈਨੂੰ ਮੀਟਿੰਗ ਵਿੱਚ ਦੁਭਾਸ਼ੀਏ ਦੀ ਲੋੜ ਪਵੇਗੀ।
Optional - I will need an interpreter at the meeting.

ਮਾਪੇ/ਸੰਭਾਲ ਕਰਨ ਵਾਲੇ ਦਾ ਨਾਮ (ਕਿਰਪਾ ਕਰਕੇ ਲਿਖੋ) ______________________
Name of parent/carer

ਮਾਪੇ/ਸੰਭਾਲ ਕਰਨ ਵਾਲੇ ਦੇ ਦਸਤਖ਼ਤ ______________________ ਤਰੀਕ ______________
Signature of parent/carer Date

ਮਾਪੇ/ਸੰਭਾਲ ਕਰਨ ਵਾਲੇ ਨੂੰ ਤਰਜੀਹੀ ਸੰਪਰਕ ਵਿਧੀ ਦੇ ਵੇਰਵੇ ਜਿਵੇਂ ਕਿ ਮੋਬਾਈਲ ਨੰਬਰ, ਈਮੇਲ ਪਤਾ ਪ੍ਰਦਾਨ ਕਰਨਾ ਚਾਹੀਦਾ ਹੈ

ਮੇਰੀ ਤਰਜੀਹੀ ਸੰਪਰਕ ਵਿਧੀ ਹੈ: ______________________
Parent’s/carer’s preferred contact method

ਮੇਰੇ ਸੰਪਰਕ ਵੇਰਵੇ ਇਹ ਹਨ: ______________________
Parent’s/carer’s contact details